# ਅਕਸਰ ਪੁੱਛੇ ਜਾਣ ਵਾਲੇ ਸਵਾਲ

## ਤਮਾਕੂ ਰੀਟੇਲ ਲਾਇਸੰਸ (TRL) ਅਨੁਪਾਲਣ ਜਾਂਚਾਂ ਲਈ ਇਨਹੇਲੇਂਟ ਡਿਲੀਵਰੀ ਸਿਸਟਮ (IDS) ਦੀਆਂ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਸਬੰਧੀ ਜ਼ਰੂਰਤਾਂ

ਇਹ ਸੰਘੀ ਕਾਇਦਾ ਅਤੇ Oregon ਪ੍ਰਦੇਸ਼ ਦਾ ਕਾਨੂੰਨ ਹੈ ਕਿ ਇਨਹੇਲੇਂਟ ਡਿਲੀਵਰੀ ਸਿਸਟਮ (IDS), ਜੋ ਆਮ ਤੌਰ 'ਤੇ ਈ-ਸਿਗਰੇਟ ਵਜੋਂ ਵੀ ਜਾਣੇ ਜਾਂਦੇ ਹਨ, ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਵਿੱਚ ਵੇਚੇ ਜਾਣੇ ਚਾਹੀਦੇ ਹਨ। TRL ਪ੍ਰੋਗਰਾਮ ਇਸ ਕਾਨੂੰਨ ਨੂੰ ਅਨੁਪਾਲਣ ਨਿਰੀਖਣਾਂ ਦੇ ਦੁਆਰਾ **1 ਜਨਵਰੀ, 2024** ਤੋਂ ਸ਼ੁਰੂ ਕਰਕੇ ਲਾਗੂ ਕਰੇਗਾ।

## ਰੀਟੇਲਰ ਕੀ ਜਾਣਨਾ ਚਾਹੁੰਦੇ ਹਨ?

**ਪ੍ਰ:** ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਕਾਨੂੰਨ ਦੇ ਤਹਿਤ ਕਿਹੜੇ ਉਤਪਾਦ ਕਵਰ ਕੀਤੇ ਜਾਂਦੇ ਹਨ?

**ਉ:** ਇੱਕ ਉਪਭੋਗਤਾ ਨੂੰ ਵੇਚਣ ਲਈ ਤਰਲ ਨਿਕੋਟੀਨ ਦੇ ਕੰਟੇਨਰ, ਇੱਕ ਉਪਭੋਗਤਾ ਨੂੰ ਵੇਚਣ ਲਈ ਗੈਰ-ਨਿਕੋਟੀਨ ਤਰਲ ਕੰਟੇਨਰ, ਅਤੇ ਇੱਕ ਉਪਭੋਗਤਾ ਨੂੰ ਵੇਚਣ ਲਈ ਇੱਕ ਤਰਲ ਨਿਕੋਟੀਨ ਕੰਟੇਨਰ ਦੇ ਨਾਲ ਪੈਕ ਕੀਤੀ ਭਰਨ-ਯੋਗ IDS। ਕਵਰ ਕੀਤੇ ਉਤਪਾਦਾਂ ਦੀ ਪੂਰੀ ਪਰਿਭਾਸ਼ਾ ਲਈ OAR 333-015-0305 ਦੇਖੋ।

**ਪ੍ਰ:** ਕੀ ਇਸ ਵਿੱਚ ਮੋਡਜ਼ ਜਿਹੇ ਸਾਰੇ ਮੁੜ ਭਰਨ-ਯੋਗ IDS ਸ਼ਾਮਲ ਹਨ, ਜਿਹਨਾਂ ਨੂੰ ਵੇਪ ਜੂਸ ਜਾਂ ਨਿਕੋਟੀਨ ਸਾਲਟ ਦੇ ਨਾਲ ਦੁਬਾਰਾ ਭਰਿਆ ਦਾ ਸਕਦਾ ਹੈ?

**ਉ:** ਹਾਂ, ਜੇਕਰ ਕਿਸੇ ਉਪਭੋਗਤਾ ਨੂੰ ਵੇਚਣ ਲਈ IDS ਨੂੰ ਇੱਕ ਤਰਲ ਨਿਕੋਟੀਨ ਕੰਟੇਨਰ ਦੇ ਨਾਲ ਪੈਕ ਕੀਤਾ ਜਾਂਦਾ ਹੈ, ਤਾਂ ਇਸ ਲਈ ਤਸਦੀਕ ਕਰਨ ਦੀ ਲੋੜ ਹੁੰਦੀ ਹੈ ਕਿ ਪੈਕੇਜਿੰਗ ਨੂੰ ਸੰਘੀ ਕਾਇਦੇ (16 CFR 1700.20 (1995)) ਵਿੱਚ ਸ਼ਾਮਲ ਜਾਂਚ ਪ੍ਰੋਟੋਕੋਲ ਦੇ ਆਧਾਰ ਉੱਤੇ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਹੋਣ

ਲਈ ਨਿਰਧਾਰਤ ਕੀਤਾ ਗਿਆ ਹੈ। ਤਸਦੀਕੀ ਵਿੱਚ ਉਤਪਾਦ ਲਈ ਅਨੁਕੂਲਤਾ ਦਾ ਇੱਕ ਸਰਟੀਫਿਕੇਟ ਸ਼ਾਮਲ ਹੋ ਸਕਦਾ ਹੈ।

**ਪ੍ਰ:** ਕੀ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਕਾਨੂੰਨ ਦੇ ਤਹਿਤ ਡਿਸਪੋਜ਼ੇਬਲ IDS ਕਵਰ ਕੀਤੇ ਜਾਂਦੇ ਹਨ?

**ਉ:** ਨਹੀਂ, ਡਿਸਪੋਜ਼ੇਬਲ IDS "ਪਹਿਲਾਂ ਤੋਂ ਭਰੇ ਇਨਹੇਲੇਂਟ ਡਿਲੀਵਰੀ ਸਿਸਟਮ" ਦੀ ਪਰਿਭਾਸ਼ਾ ਅੰਦਰ ਆਉਂਦੇ ਹਨ ਅਤੇ ਇਹਨਾਂ ਨੂੰ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਵਿੱਚ ਹੋਣ ਦੀ ਲੋੜ ਨਹੀਂ ਹੁੰਦੀ ਹੈ। ਇਹਨਾਂ ਲਈ ਤਸਦੀਕੀ ਦੀ ਲੋੜ ਨਹੀਂ ਹੁੰਦੀ ਹੈ। ਕਵਰ ਕੀਤੇ ਉਤਪਾਦਾਂ ਦੀ ਪੂਰੀ ਪਰਿਭਾਸ਼ਾ ਲਈ OAR 333-015-0305 ਦੇਖੋ।

**ਪ੍ਰ:** ਕੀ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਕਾਨੂੰਨ ਰੀਟੇਲ ਪੈਕੇਜਿੰਗ ਦਾ ਹਵਾਲਾ ਦਿੰਦਾ ਹੈ ਜਾਂ ਖੁਦ ਡਿਵਾਈਸਾਂ ਦਾ?

**ਉ:** ਕਾਨੂੰਨ (ORS 431A.175(2)(e)) ਅਤੇ Oregon Health Authority ਦੇ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਨਿਯਮਾਂ ਲਈ ਇਹ ਲੋੜ ਹੁੰਦੀ ਹੈ ਕਿ IDS ਪੈਕੇਜਿੰਗ ਚਾਈਲਡ-ਰੇਜ਼ਿਸਟੈਂਟ ਹੋਵੇ।

**ਪ੍ਰ:** ਕੀ OHA ਦੇ ਨਿਯਮਾਂ ਅਨੁਸਾਰ ਇਹ ਲੋੜ ਹੁੰਦੀ ਹੈ ਕਿ IDS ਉਤਪਾਦਾਂ ਦੀ ਅੰਦਰੂਨੀ ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ ਜਾਂ ਬਾਹਰੀ ਚਾਈਲਡ-ਰੇਜ਼ਿਸਟੈਂਟ ਪੈਕੇਜਿੰਗ, ਜਾਂ ਫੇਰ ਦੋਵੇਂ ਹੋਣ?

**ਉ:** OHA ਦੇ ਨਿਯਮ ਕਿਸੇ ਵੀ ਪੈਕੇਜਿੰਗ ਹਿੱਸੇ ਨੂੰ ਚਾਈਲਡ-ਰੇਜ਼ਿਸਟੈਂਟ ਹੋਣ ਦੀ ਇਜਾਜ਼ਤ ਦਿੰਦੇ ਹਨ। ਜਿੰਨੀ ਦੇਰ ਤਕ ਕਿਸੇ ਉਤਪਾਦ ਦੀ ਅੰਦਰੂਨੀ ਜਾਂ ਬਾਹਰੀ ਪੈਕੇਜਿੰਗ ਚਾਈਲਡ-ਰੇਜ਼ਿਸਟੈਂਟ ਹੁੰਦੀ ਹੈ, ਉਦੋਂ ਤਕ ਲੋੜ ਪੂਰੀ ਹੁੰਦੀ ਹੈ। ਹੇਠਾਂ OAR 333-015-0305 ਤੋਂ "ਚਾਈਲਡ-ਰੇਜ਼ਿਸਟੈਂਟ" ਦੀ ਪਰਿਭਾਸ਼ਾ ਦੇਖੋ:



200-411950 (11/23) Punjabi

(3) “**ਚਾਈਲਡ-ਰੇਜ਼ਿਸਟੈਂਟ**” ਦਾ ਮਤਲਬ ***ਅਜਿਹੀ ਅੰਦਰੂਨੀ ਜਾਂ ਬਾਹਰੀ ਪੈਕੇਜਿੰਗ ਹੋਣ ਤੋਂ ਹੈ*** ਜੋ:

(a) ਘਰੇਲੂ ਵਾਤਾਵਰਣ ਜਾਂ ਅਜਿਹੇ ਕਿਸੇ ਹੋਰ ਵਾਤਾਵਰਣ ਵਿੱਚ ਜਿੱਥੇ ਉਤਪਾਦ ਵਰਤਿਆ ਜਾਂਦਾ ਹੈ, ਬੱਚਿਆਂ ਨੂੰ ਨਿਕੋਟੀਨ ਦੇ ਸੰਪਰਕ ਵਿੱਚ ਆਉਣ ਤੋਂ ਬਚਾਉਣ ਦਾ ਇਰਾਦਾ ਰੱਖਦੀ ਹੈ;

(b) ਇਸ ਤਰੀਕੇ ਵਿੱਚ ਤਿਆਰ ਕੀਤੀ ਜਾਂ ਬਣਾਈ ਗਈ ਹੈ ਜਿਸ ਨੂੰ ਪੰਜ ਸਾਲ ਦੇ ਬੱਚੇ ਲਈ ਖੋਲ੍ਹਣਾ ਕਾਫੀ ਮੁਸ਼ਕਲ ਹੈ ਅਤੇ ਬਾਲਗ਼ਾਂ ਲਈ ਸਹੀ ਤਰ੍ਹਾਂ ਵਰਤਣਾ ਮੁਸ਼ਕਲ ਨਹੀਂ ਹੈ, ਜਿਵੇਂ 16 CFR 1700.20 (1995) ਵਿੱਚ ਦੱਸਿਆ ਹੈ; ਅਤੇ

(c) ਇੱਕ ਤੋਂ ਜ਼ਿਆਦਾ ਵਾਰ ਵਰਤੇ ਜਾਂਦੇ ਕਿਸੇ ਉਤਪਾਦ ਲਈ ਦੁਬਾਰਾ-ਸੀਲ ਹੋ ਸਕਦੀ ਹੈ, ਜਿਵੇਂ ਕਿ ਭਰਨ-ਯੋਗ ਇਨਹੇਲੇਂਟ ਡਿਲੀਵਰੀ ਸਿਸਟਮ।

**ਪ੍ਰ:** ਅੰਦਰੂਨੀ ਅਤੇ ਬਾਹਰੀ ਪੈਕੇਜਿੰਗ ਦਾ ਹਵਾਲਾ ਦਿੰਦੇ ਸਮੇਂ ਨਿਯਮ ਦਾ ਕੀ ਮਤਲਬ ਹੈ?

**ਉ:** “ਅੰਦਰੂਨੀ ਪੈਕੇਜ” ਜਾਂ “ਅੰਦਰੂਨੀ ਪੈਕੇਜਿੰਗ” ਦਾ ਮਤਲਬ ਕਿਸੇ ਉਤਪਾਦ ਨੂੰ ਵਲ੍ਹੇਟਣ ਜਾਂ ਬਚਾਉਣ ਲਈ ਵਰਤੀਆਂ ਗਈਆਂ ਸਮੱਗਰੀਆਂ ਤੋਂ ਹੈ ਜਿਸ ਦੀ ਵਰਤੋਂ ਕਰਨ ਲਈ ਉਪਭੋਗਤਾ ਦੁਆਰਾ ਇਸ ਨੂੰ ਖੋਲ੍ਹਣਾ ਹੋਵੇਗਾ ਜਿਸਦਾ ਬਾਹਰੀ ਪੈਕੇਜ ਵੀ ਹੋ ਸਕਦਾ ਹੈ ਪਰ ਹੋਣਾ ਜ਼ਰੂਰੀ ਨਹੀਂ ਹੈ।

“ਬਾਹਰੀ ਪੈਕੇਜ” ਜਾਂ ਬਾਹਰੀ ਪੈਕੇਜਿੰਗ” ਦਾ ਮਤਲਬ ਕਿਸੇ ਉਤਪਾਦ ਨੂੰ ਵਲ੍ਹੇਟਣ ਜਾਂ ਬਚਾਉਣ ਲਈ ਵਰਤੀ ਗਈ ਬਾਹਰੀ ਸਮੱਗਰੀ ਤੋਂ ਹੈ ਜੋ ਰੀਟੇਲ ਸੈਟਿੰਗ ਵਿੱਚ ਉਪਭੋਗਤਾ ਨੂੰ ਨਜ਼ਰ ਆਉਂਦੀ ਹੈ ਜਿਵੇਂ ਕਿ ਇੱਕ ਡੱਬਾ ਜਾਂ ਕੰਟੇਨਰ, ਪਰ ਇਹਨਾਂ ਤਕ ਸੀਮਿਤ ਨਹੀਂ ਹੈ। ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਦੀ ਜ਼ਰੂਰਤ ਨਾਲ ਜੁੜੀਆਂ ਪੂਰੀਆਂ ਪਰਿਭਾਸ਼ਾਵਾਂ ਲਈ OAR 333-015-0305 ਦੇਖੋ।

**ਪ੍ਰ:** ਜੇ ਮੈਂ ਸਿੱਧਾ ਕਿਸੇ ਨਿਰਮਾਤਾ ਤੋਂ ਲੋੜੀਂਦੇ ਦਸਤਾਵੇਜ਼ ਹਾਸਲ ਕਰਨ ਦੇ ਯੋਗ ਨਹੀਂ ਹਾਂ, ਤਾਂ ਕੀ ਅਸੀਂ ਆਪਣੇ ਡਿਵਾਈਸਾਂ ਅੰਦਰ, ਜਿਵੇਂ ਕਿ ਇੱਕ ਥੈਲਾ, ਪਾਉਣ ਲਈ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਨੂੰ ਆਪ ਖਰੀਦ ਸਕਦੇ ਹਾਂ?

**ਉ:** ਨਹੀਂ, ਇੱਕ “ਥੈਲਾ (baggie)” OHA ਨਿਯਮਾਂ ਦੇ ਤਹਿਤ ਅੰਦਰੂਨੀ ਜਾਂ ਬਾਹਰੀ ਪੈਕੇਜ ਦੀ ਪਰਿਭਾਸ਼ਾ ਨੂੰ ਪੂਰਾ ਨਹੀਂ ਕਰਦਾ ਹੈ। ਇੱਕ “ਥੈਲਾ” ਅੰਦਰੂਨੀ ਪੈਕੇਜ ਨਹੀਂ ਹੈ ਜਿਸ ਨੂੰ ਉਤਪਾਦ ਦੀ ਵਰਤੋਂ ਕਰਨ ਲਈ

ਉਪਭੋਗਤਾ ਦੁਆਰਾ ਤੁਰੰਤ ਖੋਲ੍ਹਣਾ ਲਾਜ਼ਮੀ ਹੈ, ਅਤੇ ਇਹ ਉਤਪਾਦ ਨੂੰ ਵਲ੍ਹੇਟਣ ਲਈ ਵਰਤੀ ਗਈ ਬਾਹਰੀ ਸਮੱਗਰੀ ਵੀ ਨਹੀਂ ਹੈ ਜੋ ਰੀਟੇਲ ਸੈਟਿੰਗ ਵਿੱਚ ਉਪਭੋਗਤਾ ਨੂੰ ਨਜ਼ਰ ਆਉਂਦੀ ਹੈ। ਇਸ ਤਰ੍ਹਾਂ, ਇੱਕ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) "ਥੈਲਾ" OHA ਦੇ ਨਿਯਮਾਂ ਦੇ ਤਹਿਤ "ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ)" ਨਹੀਂ ਹੁੰਦਾ ਹੈ ਕਿਉਂਕਿ ਇਹ ਅੰਦਰੂਨੀ ਜਾਂ ਬਾਹਰੀ ਪੈਕੇਜਿੰਗ ਨਹੀਂ ਹੈ।

**ਪ੍ਰ:** ਜੇ ਮੇਰੇ ਰੀਟੇਲ ਸਟੋਰ ਵਿੱਚ ਮੌਜੂਦ ਉਤਪਾਦ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

**ਉ:** ਜੇ ਤੁਹਾਡੇ ਰੀਟੇਲ ਸਟੋਰ ਵਿੱਚ ਕੋਈ ਉਤਪਾਦ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਲਈ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ, ਤਾਂ ਉਤਪਾਦ ਦੇ ਨਿਰਮਾਤਾ ਦੀ ਲਿਖਤ ਰਸਾਇਣਸ਼ਾਲਾ ਜਾਂਚ ਰਿਪੋਰਟ ਦੀ ਤਸਦੀਕੀ ਲੈਣ ਲਈ ਉਤਪਾਦ ਦੇ ਵਿਤਰਕ ਜਾਂ ਨਿਰਮਾਤਾ ਨਾਲ ਕੰਮ ਕਰੋ, ਜੋ 16 CFR 1700.200 (1995) ਵਿੱਚ ਤੈਅ ਕੀਤੇ ਪ੍ਰੋਟੋਕੋਲ ਦੇ ਆਧਾਰ ਉੱਤੇ ਇਸ ਬਾਰੇ ਨਤੀਜਿਆਂ ਦਾ ਵਰਣਨ ਕਰਦੀ ਹੈ ਕਿ ਉਤਪਾਦ ਦੀ ਪੈਕੇਜਿੰਗ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਹੈ ਜਾਂ ਨਹੀਂ। ਇੱਕ ਉਦਾਹਰਨ ਲਈ ਹੇਠਾਂ QR ਕੋਡ ਦੇਖੋ।

**ਪ੍ਰ:** ਇੱਕ ਨਿਰੀਖਣ ਦੇ ਦੌਰਾਨ ਅਨੁਪਾਲਣ ਨਿਰੀਖਕ ਕਿਸ ਚੀਜ਼ ਦੀ ਭਾਲ ਕਰ ਰਹੇ ਹੋਣਗੇ?

**ਉ:** ਇੱਕ ਨਿਰੀਖਣ ਦੇ ਦੌਰਾਨ, ਅਨੁਪਾਲਣ ਨਿਰੀਖਕ ਪ੍ਰਭਾਰੀ ਵਿਅਕਤੀ ਅਤੇ ਸਾਈਟ ਉੱਤੇ ਹੋਣ ਵਾਲੇ ਵਿਅਕਤੀ ਨੂੰ ਕਵਰ ਕੀਤੇ ਉਤਪਾਦਾਂ ਦੇ ਇੱਕ ਨਮੂਨੇ ਲਈ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਦੀ ਤਸਦੀਕ ਕਰਨ ਲਈ ਕਹਿ ਸਕਦੇ ਹਨ। ਪ੍ਰਭਾਰੀ ਵਿਅਕਤੀ ਨੂੰ ਇਹ ਤਸਦੀਕ ਕਰਨ ਲਈ ਕਿਹਾ ਜਾਵੇਗਾ ਕਿ ਚੁਣੇ ਗਏ ਹਰ ਇੱਕ ਉਤਪਾਦ ਲਈ ਪੈਕੇਜਿੰਗ ਸੰਘੀ ਕਾਇਦੇ (16 CFR 1700.20 (1995)) ਵਿੱਚ ਸ਼ਾਮਲ ਜਾਂਚ ਪ੍ਰੋਟੋਕੋਲ ਦੇ ਆਧਾਰ ਉੱਤੇ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਹੋਣ ਲਈ ਨਿਰਧਾਰਤ ਕੀਤੀ ਗਈ ਹੈ।

ਅੱਗੇ ਦਿੱਤੇ ਲਿੰਕ 'ਤੇ ਜਾ ਕੇ ਜਾਂ QR ਕੋਡ ਨੂੰ ਸਕੈਨ ਕਰਕੇ ਅਨੁਕੂਲਤਾ ਦੇ ਸਰਟੀਫਿਕੇਟ ਦੀ ਇੱਕ ਮਿਸਾਲ ਦੇਖੋ:
https://www.oregon.gov/oha/PH/PREVENTIONWELLNESS/TOBACCOPREVENTION/Documents/Ex_letter%20of%20conformity.pdf

**ਪ੍ਰ:** ਮੈਨੂੰ ਇਸ ਬਾਰੇ ਨਿਰਮਾਤਾ ਦੀ ਤਸਦੀਕ ਕਿੱਥੇ ਰੱਖਣੀ ਚਾਹੀਦੀ ਹੈ ਕਿ ਹਰ ਉਤਪਾਦ ਸੰਘੀ ਮਿਆਰਾਂ (16 CFR 1700.20 (1995)) ਦੁਆਰਾ ਤੈਅ ਕੀਤੀ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ?

**ਉ:** ਕਿਉਂਕਿ ਰੀਟੇਲਰਾਂ ਲਈ ਇੱਕ ਨਿਰੀਖਣ ਦੇ ਦੌਰਾਨ ਨਿਰਮਾਤਾ ਦੀ ਲਿਖਤ ਰਸਾਇਣਸ਼ਾਲਾ ਜਾਂਚ ਰਿਪੋਰਟ ਦੀ ਤਸਦੀਕ ਪ੍ਰਦਾਨ ਕਰਨਾ ਲਾਜ਼ਮੀ ਹੁੰਦਾ ਹੈ, ਦਸਤਾਵੇਜ਼ ਨੂੰ ਰੀਟੇਲ ਸਥਾਨ 'ਤੇ ਆਨਸਾਈਟ ਰੱਖਿਆ ਜਾਣਾ ਚਾਹੀਦਾ ਹੈ ਜਿੱਥੇ ਉਤਪਾਦ ਵੇਚਿਆ ਜਾ ਰਿਹਾ ਹੈ ਅਤੇ ਪ੍ਰਭਾਰੀ ਵਿਅਕਤੀ ਦੀ ਔਨਸਾਈਟ ਪਹੁੰਚ ਦੇ ਅੰਦਰ ਹੈ। ਇਹਨਾਂ ਦਸਤਾਵੇਜ਼ਾਂ ਨੂੰ ਰੀਟੇਲ ਕਰਮਚਾਰੀਆਂ ਦੁਆਰਾ ਲੱਭਣ ਲਈ ਇੱਕ ਬਾਈਂਡਰ ਵਿੱਚ ਜਾਂ ਸੌਖੇ ਸਥਾਨ 'ਤੇ ਰੱਖਣਾ ਵਿਵਸਥਿਤ ਰਹਿਣ ਦਾ ਇੱਕ ਸਹਾਇਕ ਤਰੀਕਾ ਹੈ।

**ਪ੍ਰ:** ਕੀ ਕਿਸੇ ਨਿਰਮਾਤਾ ਨੇ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਲਈ ਜ਼ਰੂਰਤਾਂ ਪੂਰੀਆਂ ਕੀਤੀਆਂ ਹਨ?

**ਉ:** ਇਹ ਕੋਈ ਨਵੀਂ ਜ਼ਰੂਰਤ ਨਹੀਂ ਹੈ। ਸੰਘੀ ਤੌਰ ‘ਤੇ, ਬੱਚਿਆਂ ਵਿੱਚ ਨਿਕੋਟੀਨ ਦਾ ਜ਼ਹਿਰ ਫੈਲਣ ਦੀ ਰੋਕਥਾਮ ਲਈ ਐਕਟ (Child Nicotine Poisoning Prevention Act) (ਐਕਟ) ਅਨੁਸਾਰ ਲੋੜ ਹੁੰਦੀ ਹੈ ਕਿ ਐਕਟ ਦੁਆਰਾ ਕਵਰ ਕੀਤੇ 26 ਜੁਲਾਈ, 2016 ਤੋਂ ਬਾਅਦ ਤਿਆਰ ਕੀਤੇ ਕਿਸੇ ਤਰਲ ਨਿਕੋਟੀਨ ਉਤਪਾਦਾਂ ਨੂੰ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਲਈ ਸੰਘੀ ਮਿਆਰ ਪੂਰੇ ਕਰਨੇ ਚਾਹੀਦੇ ਹਨ। ਜਿਹੜੇ ਨਿਰਮਾਤਾ ਦੇ ਉਤਪਾਦ 16 CFR 1700.20 (1995) ਵਿੱਚ ਤੈਅ ਕੀਤੇ ਪ੍ਰੋਟੋਕੋਲਾਂ ਉੱਤੇ ਆਧਾਰਿਤ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਨਹੀਂ ਹੁੰਦੇ ਹਨ, ਉਹ ਵੀ ਸੰਘੀ ਕਾਇਦਿਆਂ ਦੇ ਅਨੁਪਾਲਣ ਤੋਂ ਬਾਹਰ ਕੰਮ ਕਰ ਰਹੇ ਹੋ ਸਕਦੇ ਹਨ।

**ਪ੍ਰ:** ਇਹ ਯਕੀਨੀ ਬਣਾਉਣ ਲਈ ਕਿ ਮੇਰੇ ਕੋਲ ਅਜਿਹੇ ਉਤਪਾਦਾਂ ਲਈ ਨਿਰਮਾਤਾ ਦੀ ਤਸਦੀਕੀ ਹੈ ਜਿਹਨਾਂ ਨੂੰ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਹੋਣ ਦੀ ਲੋੜ ਹੈ, ਕੁਝ ਸਭ ਤੋਂ ਵਧੀਆ ਅਭਿਆਸ ਕੀ ਹਨ?

**ਉ:** ਉਤਪਾਦਾਂ ਦਾ ਆਰਡਰ ਕਰਦੇ ਸਮੇਂ, ਰੀਟੇਲਰ ਇਹ ਤਸਦੀਕ ਕਰਦੇ ਲਿਖਤੀ ਦਸਤਾਵੇਜ਼ਾਂ ਦੀ ਬੇਨਤੀ ਕਰ ਸਕਦੇ ਹਨ ਕਿ ਉਤਪਾਦ ਦੀ ਪੈਕੇਜਿੰਗ 16 CFR 1700.20 (1995) ਵਿੱਚ ਤੈਅ ਪ੍ਰੋਟੋਕੋਲ ਦੇ ਆਧਾਰ ਉੱਤੇ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਹੈ।

## ਜੇ ਮੇਰੇ ਕੋਲ ਵਾਧੂ ਸਵਾਲ ਹੁੰਦੇ ਹਨ ਤਾਂ ਮੈਂ ਕਿਸ ਨਾਲ ਸੰਪਰਕ ਕਰਾਂ?

ਤਮਾਕੂ ਉਤਪਾਦਾਂ ਅਤੇ ਇਨਹੇਲੇਂਟ ਡਿਲੀਵਰੀ ਸਿਸਟਮ ਦੀ ਰੀਟੇਲ ਵਿਕਰੀ ਉੱਤੇ ਜ਼ਿਆਦਾ ਜਾਣਕਾਰੀ ਲਈ, ਪੈਕੇਜਿੰਗ ਅਤੇ ਲੇਬਲਿੰਗ ਪਰਿਭਾਸ਼ਾਵਾਂ (OAR 333-015-0305) ਸਮੇਤ, OAR 333-015-0300 ਤੋਂ 333-015-0360 ਦੇਖੋ।

ਕੋਡ ਆਫ ਫੇਡਰਲ ਰੇਗੂਲੇਸ਼ਨਜ਼ ਦੇ ਚਾਈਲਡ-ਰੇਜ਼ਿਸਟੈਂਟ (ਬੱਚਿਆਂ ਲਈ ਪ੍ਰਤਿਰੋਧੀ) ਪੈਕੇਜਿੰਗ ਮਿਆਰਾਂ ਬਾਰੇ ਜ਼ਿਆਦਾ ਜਾਣਕਾਰੀ ਲਈ, 16 CFR 1700.15 ਅਤੇ 16 CFR 1700.20 ਦੇਖੋ।

OHA ਅਨੁਪਾਲਣ ਨਿਰੀਖਣਾਂ ਅਤੇ ਪਾਲਣਾ ਬਾਰੇ ਸਵਾਲਾਂ ਲਈ: Tobacco.Inspections@odhsoha.oregon.gov, 971-673-2283. ਰੀਟੇਲਰਾਂ ਵਾਸਤੇ ਜ਼ਿਆਦਾ ਜਾਣਕਾਰੀ ਅਤੇ ਸਰੋਤਾਂ ਤਕ ਪਹੁੰਚ ਲਈ: healthoregon.org/tobaccoretailsales.

ਤੁਸੀਂ ਇਸ ਦਸਤਾਵੇਜ਼ ਨੂੰ ਹੋਰਨਾਂ ਭਾਸ਼ਾਵਾਂ, ਵੱਡੇ ਛਾਪੇ, ਬਰੇਲ ਲਿਪੀ ਜਾਂ ਕਿਸੇ ਅਜਿਹੀ ਵੰਨਗੀ ਵਿੱਚ ਮੁਫ਼ਤ ਵਿੱਚ ਪ੍ਰਾਪਤ ਕਰ ਸਕਦੇ ਹੋ ਜਿਸਨੂੰ ਤੁਸੀਂ ਤਰਜੀਹ ਦਿੰਦੇ ਹੋ। ਤੰਬਾਕੂ ਰਿਟੇਲ ਲਾਇਸੈਂਸ ਪ੍ਰੋਗਰਾਮ ਨੂੰ Tobacco.Inspections@odhsoha.oregon.gov ਜਾਂ 971-673-2283 (ਵੋਇਸ/ਟੈਕਸਟ) 'ਤੇ ਸੰਪਰਕ ਕਰੋ। ਅਸੀਂ ਸਾਰੀਆਂ ਦੂਰ-ਸੰਚਾਰ ਕਾਲਾਂ ਸਵੀਕਾਰ ਕਰਦੇ ਹਾਂ।



200-411950 (11/23) Punjabi